# ਸ਼ੁੱਕਰਵਾਰ ਦਾ ਪ੍ਰਸਾਰਿਤ ਅਤੇ ਵੰਡਿਆ ਗਿਆ ਖ਼ੁਤਬਾ

ਮਿਤੀ: 1 ਰਬੀਅ ਅਲ-ਅੱਵਲ 1448 ਹਿਜਰੀ ਮੁਤਾਬਕ: 14 ਅਗਸਤ 2026 ਈਸਵੀ

# حَرَارَةُ الصَّيْفِ: وَقَفَاتٌ وَعِظَاتٌ

# ਗਰਮੀ ਦੀ ਤਪਸ਼: ਕੁੱਝ ਵਿਚਾਰ ਅਤੇ ਨਸੀਹਤਾਂ

**الحَمْدُ للهِ الهادِي لِمَنِ اسْتَهْداهُ، المُجِيبِ لِمَنْ دَعاهُ، النَّاصرِ لِمَنِ اسْتَجارَ بِهِ وَناداهُ، لا هادِيَ لِمَنْ أَضَلَّ، وَلا مُضِلَّ لِمَنْ هَداهُ؛{وَمَا بِكُمْ مِنْ نِعْمَةٍ فَمِنَ اللَّهِ ثُمَّ إِذَا مَسَّكُمُ الضُّرُّ فَإِلَيْهِ تَجْأَرُونَ } [النحل: 53]، وَأَشْهَدُ أَن لَّا إِلَهَ إِلَّا اللهُ وَحْدَهُ لا شَرِيكَ لَهُ، المُتَقَدِّسُ فِي عُلاهُ، وَأَشْهَدُ أَنَّ مُحَمَّدًا عَبْدُ اللهِ وَرَسُولُهُ وَمُصْطَفاهُ، وَخَلِيلُهُ وَمُجْتَباهُ، صَلَّى اللهُ عَلَيْهِ وَعَلَى آلِهِ وَصَحْبِهِ وَمَنْ والاهُ، وَسَلَّمَ تَسْلِيمًا كَثِيرًا إِلَى يَوْمِ نَلْقاهُ.اما بعد !**

ਹੇ ਅੱਲਾਹ ਦੇ ਬੰਦਿਆਂ! ਅੱਲਾਹ ਤੋਂ ਡਰੋ:

وَلْتَنْظُرْ نَفْسٌ مَا قَدَّمَتْ لِغَدٍ وَاتَّقُوا اللَّهَ إِنَّ اللَّهَ خَبِيرٌ بِمَا تَعْمَلُونَ} [الحشر: 18]

"ਅਤੇ ਹਰ ਵਿਅਕਤੀ ਨੂੰ ਦੇਖਣਾ ਚਾਹੀਦਾ ਹੈ ਕਿ ਉਸ ਨੇ ਕੱਲ੍ਹ (ਯਾਨੀ ਆਖ਼ਰਤ) ਲਈ ਅੱਗੇ ਕੀ ਭੇਜਿਆ ਹੈ, ਅਤੇ ਅੱਲਾਹ ਤੋਂ ਡਰੋ, ਬੇਸ਼ੱਕ ਅੱਲਾਹ ਉਨ੍ਹਾਂ ਸਾਰੇ ਕੰਮਾਂ ਤੋਂ ਭਲੀ-ਭਾਂਤ ਜਾਣੂ ਹੈ ਜੋ ਤੁਸੀਂ ਕਰਦੇ ਹੋ।" (ਸੂਰਹ ਅਲ-ਹਸ਼ਰ: 18)

ਹੇ ਈਮਾਨ ਵਾਲਿਆਂ! ਅੱਲਾਹ ਤਆਲਾ ਦੀ ਹਿਕਮਤ ਦੀ ਮੰਗ ਹੈ ਕਿ ਉਸ ਨੇ ਇਸ ਦੁਨੀਆ ਨੂੰ ਇਮਤਿਹਾਨ, ਮਿਹਨਤ ਅਤੇ ਕਠਿਨ ਘਾਲਣਾ ਦਾ ਘਰ ਬਣਾਇਆ ਹੈ, ਜਿੱਥੇ ਦੁੱਖ, ਦਰਦ ਅਤੇ ਥਕਾਵਟ ਇਨਸਾਨ ਦੀ ਤਕਦੀਰ ਹਨ; ਤਾਂ ਜੋ ਮੋਮਿਨਾਂ ਦੀ ਆਗਿਆਕਾਰੀ ਅਤੇ ਸ਼ੁਕਰਗੁਜ਼ਾਰੀ ਸਭ 'ਤੇ ਜ਼ਾਹਿਰ ਹੋ ਜਾਵੇ, ਅਤੇ ਨਾਸ਼ੁਕਰਿਆਂ ਤੇ ਬੇਸਬਰਿਆਂ ਦਾ ਰਵੱਈਆ ਵੀ ਖੁੱਲ੍ਹ ਕੇ ਸਾਹਮਣੇ ਆ ਜਾਵੇ। ਅੱਲਾਹ ਤਆਲਾ ਦਾ ਫ਼ਰਮਾਨ ਹੈ:

لَقَدْ خَلَقْنَا الْإِنْسَانَ فِي كَبَدٍ} [البلد: 4]}

"ਬੇਸ਼ੱਕ ਅਸੀਂ ਇਨਸਾਨ ਨੂੰ ਮਸ਼ੱਕਤ ਅਤੇ ਮੁਸੀਬਤਾਂ ਵਿੱਚ ਪੈਦਾ ਕੀਤਾ ਹੈ।" (ਸੂਰਹ ਅਲ-ਬਲਦ: 4)

ਇਸ ਆਜ਼ਮਾਇਸ਼ ਅਤੇ ਇਮਤਿਹਾਨ ਦੀ ਇੱਕ ਝਲਕ ਮੌਸਮਾਂ ਦਾ ਬਦਲਣਾ ਵੀ ਹੈ। ਕਦੇ ਸਖ਼ਤ ਗਰਮੀ ਆਉਂਦੀ ਹੈ ਜੋ ਪੈਰਾਂ ਨੂੰ ਝੁਲਸਾ ਦਿੰਦੀ ਹੈ, ਅਤੇ ਕਦੇ ਅਜਿਹੀ ਕੜਾਕੇ ਦੀ ਸਰਦੀ ਪੈਂਦੀ ਹੈ ਕਿ ਹੱਡੀਆਂ ਤੱਕ ਦੁਖਣ ਲੱਗਦੀਆਂ ਹਨ। ਕਦੇ-ਕਦੇ ਸਾਫ਼ ਮੌਸਮ ਤੋਂ ਬਾਅਦ ਧੂੜ-ਘੱਟੇ (ਅੰਧੜੀ) ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਾਰੇ ਬਦਲਾਅ ਬਿਨਾਂ ਕਿਸੇ ਮਕਸਦ ਦੇ ਨਹੀਂ ਹਨ, ਸਗੋਂ ਉਸ ਮਹਾਨ ਹਿਕਮਤ ਦਾ ਹਿੱਸਾ ਹਨ ਜੋ ਸਾਡੇ ਤੋਂ ਇਹ ਮੰਗ ਕਰਦੀ ਹੈ ਕਿ ਅਸੀਂ ਇਨ੍ਹਾਂ ਦੀ ਡੂੰਘਾਈ ਵਿੱਚ ਉੱਤਰੀਏ ਅਤੇ ਇਨ੍ਹਾਂ ਦੇ ਅੰਦਰ ਛੁਪੇ ਹੋਏ ਰੱਬੀ ਸੱਚਾਂ 'ਤੇ ਵਿਚਾਰ ਕਰੀਏ। ਅੱਲਾਹ ਤਆਲਾ ਦਾ ਫ਼ਰਮਾਨ ਹੈ:

{يُقَلِّبُ اللَّهُ اللَّيْلَ وَالنَّهَارَ إِنَّ فِي ذَٰلِكَ لَعِبْرَةً لِأُولِي الْأَبْصَارِ} [النور: 44]

"ਅੱਲਾਹ ਹੀ ਰਾਤ ਅਤੇ ਦਿਨ ਨੂੰ ਉਲਟਾਉਂਦਾ-ਪਲਟਾਉਂਦਾ ਰਹਿੰਦਾ ਹੈ, ਬੇਸ਼ੱਕ ਇਸ ਵਿੱਚ ਅੱਖਾਂ ਵਾਲਿਆਂ (ਸੂਝਵਾਨਾਂ) ਲਈ ਸਿੱਖਿਆ ਹੈ।" (ਸੂਰਹ ਅਨ-ਨੂਰ: 44)

ਹੇ ਅੱਲਾਹ ਦੇ ਬੰਦਿਆਂ! ਇਹ ਤੇਜ਼ ਗਰਮੀ ਜੋ ਅੱਜ ਅਸੀਂ ਮਹਿਸੂਸ ਕਰ ਰਹੇ ਹਾਂ, ਅਸਲ ਵਿੱਚ ਗ਼ਾਫ਼ਿਲ (ਬੇਖ਼ਬਰ) ਦਿਲਾਂ ਲਈ ਜਾਗਣ ਦਾ ਇੱਕ ਪੈਗ਼ਾਮ ਅਤੇ ਆਖ਼ਰਤ ਦੀ ਯਾਦਦਿਹਾਨੀ ਹੈ। ਇਹ ਇਸ ਗੱਲ ਦੀ ਚੇਤਾਵਨੀ ਹੈ ਕਿ ਦੁਨੀਆ ਆਰਾਮ ਕਰਨ ਦੀ ਜਗ੍ਹਾ ਨਹੀਂ, ਸਗੋਂ ਮਿਹਨਤ ਅਤੇ ਅਮਲ ਦਾ ਘਰ ਹੈ, ਤਾਂ ਜੋ ਇਨਸਾਨ ਆਖ਼ਰਤ ਦੇ ਸਫ਼ਰ ਲਈ ਨੇਕੀਆਂ ਦੀ ਪੂੰਜੀ ਇਕੱਠੀ ਕਰ ਲਵੇ ਅਤੇ ਆਪਣੇ ਰੱਬ ਦੀ ਮੁਲਾਕਾਤ ਦੀ ਤਿਆਰੀ ਕਰੇ:

{فِي يَوْمٍ كَانَ مِقْدَارُهُ خَمْسِينَ أَلْفَ سَنَةٍ} [المعارج: 4]

"ਉਸ ਦਿਨ ਵਿੱਚ ਜਿਸ ਦੀ ਮਿਕਦਾਰ (ਲੰਬਾਈ) ਪੰਜਾਹ ਹਜ਼ਾਰ ਸਾਲ ਹੋਵੇਗੀ।" (ਸੂਰਹ ਅਲ-ਮਆਰੀਜ: 4)

ਸੂਰਜ ਦੀ ਇਹ ਝੁਲਸਾ ਦੇਣ ਵਾਲੀ ਲੂ ਅਤੇ ਦੁਪਹਿਰ ਦਾ ਇਹ ਪਸੀਨਾ, ਅਸਲ ਵਿੱਚ ਉਸ ਦਿਨ ਦੀ ਇੱਕ ਛੋਟੀ ਜਿਹੀ ਝਲਕ ਹੈ ਜਦੋਂ ਅੱਲਾਹ ਤਆਲਾ ਤਮਾਮ ਲੋਕਾਂ ਨੂੰ ਇੱਕ ਮੈਦਾਨ ਵਿੱਚ ਜਮ੍ਹਾਂ ਕਰੇਗਾ। ਉਸ ਵਕਤ ਸਭ 'ਤੇ ਸਖ਼ਤ ਬੋਝ ਹੋਣਗੇ, ਹੋਸ਼ ਉੱਡੇ ਹੋਏ ਹੋਣਗੇ, ਸੂਰਜ ਸਿਰਾਂ ਦੇ ਬਿਲਕੁਲ ਕ਼ਰੀਬ ਆ ਚੁੱਕਾ ਹੋਵੇਗਾ, ਦਿਲ ਡਰ ਨਾਲ ਕੰਬ ਰਹੇ ਹੋਣਗੇ, ਸਥਿਤੀ ਬੇਹੱਦ ਗੰਭੀਰ ਅਤੇ ਮੁਸੀਬਤਾਂ ਬਹੁਤ ਜ਼ਿਆਦਾ ਹੋਣਗੀਆਂ।

ਅੱਲਾਹ ਦੇ ਰਸੂਲ ﷺ ਨੇ ਫ਼ਰਮਾਇਆ:

« تُدْنَى الشَّمْسُ يَوْمَ الْقِيَامَةِ مِنَ الْخَلْقِ، حَتَّى تَكُونَ مِنْهُمْ كَمِقْدَارِ مِيلٍ، فَيَكُونُ النَّاسُ عَلَى قَدْرِ أَعْمَالِهِمْ فِي الْعَرَقِ، فَمِنْهُمْ مَنْ يَكُونُ إِلَى كَعْبَيْهِ، وَمِنْهُمْ مَنْ يَكُونُ إِلَى رُكْبَتَيْهِ، وَمِنْهُمْ مَنْ يَكُونُ إِلَى حَقْوَيْهِ، وَمِنْهُمْ مَنْ يُلْجِمُهُ الْعَرَقُ إِلْجَامًا» قَالَ: وَأَشَارَ رَسُولُ اللهِ صَلَّى اللهُ عَلَيْهِ وَسَلَّمَ بِيَدِهِ إِلَى فِيهِ

"ਖ਼ਿਆਮਤ ਦੇ ਦਿਨ ਸੂਰਜ ਮਖ਼ਲੂਖ਼ (ਸ੍ਰਿਸ਼ਟੀ) ਦੇ ਇੰਨਾ ਖ਼ਰੀਬ ਕਰ ਦਿੱਤਾ ਜਾਵੇਗਾ ਕਿ ਉਹ ਕੇਵਲ ਇੱਕ ਮੀਲ ਦੇ ਫ਼ਾਸਲੇ 'ਤੇ ਰਹਿ ਜਾਵੇਗਾ, ਲੋਕ ਆਪਣੇ ਅਮਲਾਂ ਦੇ ਹਿਸਾਬ ਨਾਲ ਪਸੀਨੇ ਵਿੱਚ ਡੁੱਬੇ ਹੋਣਗੇ, ਚੁਣਾਂਚੇ ਕਿਸੇ ਦਾ ਪਸੀਨਾ ਉਸ ਦੇ ਗਿੱਟਿਆਂ ਤੱਕ ਹੋਵੇਗਾ, ਕਿਸੇ ਦਾ ਗੋਡਿਆਂ ਤੱਕ, ਕਿਸੇ ਦਾ ਕਮਰ ਤੱਕ, ਅਤੇ ਕਿਸੇ ਨੂੰ ਪਸੀਨਾ ਲਗਾਮ ਦੀ ਤਰ੍ਹਾਂ ਮੁੱਖ (ਮੂੰਹ) ਤੱਕ ਡੁਬੋ ਰਿਹਾ ਹੋਵੇਗਾ।" ਰਾਵੀ ਕਹਿੰਦੇ ਹਨ: ਅਤੇ ਰਸੂਲੁੱਲਾਹ ﷺ ਨੇ ਆਪਣੇ ਹੱਥ ਨਾਲ ਆਪਣੇ ਮੁੱਖ ਵੱਲ ਇਸ਼ਾਰਾ ਕੀਤਾ। (ਇਸ ਹਦੀਸ ਨੂੰ ਇਮਾਮ ਮੁਸਲਿਮ ਨੇ ਹਜ਼ਰਤ ਮਿਕਦਾਦ ਬਿਨ ਅਸਵਦ ਰਜ਼ੀਅੱਲਾਹੁ ਤਆਲਾ ਅਨਹੁ ਦੀ ਰਿਵਾਇਤ ਤੋਂ ਨਖ਼ਲ ਕੀਤਾ ਹੈ)

ਮੁਸਲਮਾਨ ਭਰਾਵੋ! ਇਸ ਭਿਆਨਕ ਅਤੇ ਬੇਹੱਦ ਮੁਸ਼ਕਿਲ ਦਿਨ ਅੱਲਾਹ ਤਆਲਾ ਆਪਣੇ ਖ਼ਾਸ ਬੰਦਿਆਂ 'ਤੇ ਆਪਣੀ ਮਹਾਨ ਦਇਆ ਅਤੇ ਵਿਸ਼ਾਲ ਕ੍ਰਿਪਾ ਦੀ ਬਾਰਿਸ਼ ਫ਼ਰਮਾਏਗਾ; ਚੁਣਾਂਚੇ ਉਹ ਉਨ੍ਹਾਂ ਨੂੰ ਅਰਸ਼ ਦੇ ਸਾਏ ਵਿੱਚ ਪਨਾਹ ਦੇ ਕੇ ਸੂਰਜ ਦੀ ਗਰਮੀ ਤੋਂ ਨਿਜਾਤ ਦੇਵੇਗਾ, ਜਿਸ ਦਿਨ ਉਸ ਦੇ ਸਾਏ ਤੋਂ ਬਿਨਾਂ ਕੋਈ ਸਾਯਾ ਨਾ ਹੋਵੇਗਾ, ਅਸੀਂ ਅੱਲਾਹ ਤੋਂ ਉਸ ਦੀ ਮਹਾਨ ਦਇਆ ਦਾ ਸਵਾਲ ਕਰਦੇ ਹਾਂ।

ਉਸ ਦਿਨ ਲੋਕ ਉਨ੍ਹਾਂ ਦੇ ਇਸ ਬੁਲੰਦ ਮਖ਼ਾਮ (ਰੁਤਬੇ) ਅਤੇ ਬਹਤਰੀਨ ਹਾਲਤ ਨੂੰ ਦੇਖ ਕੇ ਰਸ਼ਕ ਕਰਨਗੇ ਅਤੇ ਇੱਛਾ ਕਰਨਗੇ ਕਿ ਕਾਸ਼ ਉਨ੍ਹਾਂ ਨੂੰ ਵੀ ਇਸ ਠੰਢੀ ਛਾਂ ਦਾ ਕੋਈ ਹਿੱਸਾ ਮਿਲ ਜਾਂਦਾ! ਪਰ ਇਹ ਨੇਮਤ ਪੈਸਿਆਂ ਜਾਂ ਦੁਨੀਆਵੀ ਮਾਲ-ਦੌਲਤ ਨਾਲ ਨਹੀਂ ਖ਼ਰੀਦੀ ਜਾ ਸਕਦੀ, ਸਗੋਂ ਇਹ ਸਿਰਫ਼ ਰਾਤ ਦੇ ਸਮੇਂ ਅਤੇ ਦਿਨ ਦੇ ਕਿਨਾਰਿਆਂ ਵਿੱਚ ਨੇਕ ਅਮਲ ਕਰਨ ਅਤੇ ਜ਼ਮੀਨ ਤੇ ਅਸਮਾਨ ਦੇ ਰੱਬ ਦੀ ਨਾਰਾਜ਼ਗੀ ਤੋਂ ਬਚਣ ਵਾਲੇ ਕੰਮਾਂ ਦੇ ਜ਼ਰੀਏ ਹੀ ਹਾਸਿਲ ਹੁੰਦੀ ਹੈ। ਇਹੋ ਕਾਮਯਾਬੀ ਦੀ ਕੁੰਜੀ ਅਤੇ ਇਸ ਭਿਆਨਕ ਅਜ਼ਾਬ ਤੋਂ ਨਿਜਾਤ ਦਾ ਇੱਕੋ-ਇੱਕ ਰਸਤਾ ਹੈ।

ਚੁਣਾਂਚੇ ਇਸ ਦਿਨ ਦੀ ਗਰਮੀ ਤੋਂ ਬਚਣ ਦੇ ਸਾਧਨਾਂ ਵਿੱਚੋਂ ਉਹ ਮੁਬਾਰਕ ਅਮਲ ਵੀ ਹੈ ਜੋ ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹੁ ਤਆਲਾ ਅਨਹੁ ਤੋਂ ਸਾਬਿਤ ਹੈ ਕਿ ਨਬੀ ਕਰੀਮ ﷺ ਨੇ ਫ਼ਰਮਾਇਆ:

«سَبْعَةٌ يُظِلُّهُمُ اللهُ فِي ظِلِّهِ يَوْمَ لَا ظِلَّ إِلَّا ظِلُّهُ: الْإِمَامُ الْعَادِلُ، وَشَابٌّ نَشَأَ بِعِبَادَةِ اللهِ، وَرَجُلٌ قَلْبُهُ مُعَلَّقٌ فِي الْمَسَاجِدِ، وَرَجُلَانِ تَحَابَّا فِي اللهِ، اجْتَمَعَا عَلَيْهِ وَتَفَرَّقَا عَلَيْهِ، وَرَجُلٌ دَعَتْهُ امْرَأَةٌ ذَاتُ مَنْصِبٍ وَجَمَالٍ، فَقَالَ: إِنِّي أَخَافُ اللهَ، وَرَجُلٌ تَصَدَّقَ بِصَدَقَةٍ فَأَخْفَاهَا، حَتَّى لَا تَعْلَمَ شِمَالُهُ مَا تُنْفِقُ يَمِينُهُ، وَرَجُلٌ ذَكَرَ اللهَ خَالِيًا، فَفَاضَتْ عَيْنَاهُ»

"ਸੱਤ ਕਿਸਮ ਦੇ ਲੋਕ ਹਨ ਜਿਨ੍ਹਾਂ ਨੂੰ ਅੱਲਾਹ ਤਆਲਾ ਆਪਣੇ (ਅਰਸ਼ ਦੇ) ਸਾਏ ਵਿੱਚ ਜਗ੍ਹਾ ਦੇਵੇਗਾ, ਜਿਸ ਦਿਨ ਉਸ ਦੇ ਸਾਏ ਤੋਂ ਬਿਨਾਂ ਕੋਈ ਸਾਯਾ ਨਾ ਹੋਵੇਗਾ:

(1) ਆਦਿਲ ਹੁਕਮਰਾਨ (ਇਨਸਾਫ਼ਪਸੰਦ ਸ਼ਾਸਕ),

(2) ਉਹ ਨੌਜਵਾਨ ਜਿਸ ਦੀ ਜਵਾਨੀ ਅੱਲਾਹ ਦੀ ਇਬਾਦਤ ਵਿੱਚ ਪਰਵਾਨ ਚੜ੍ਹੀ ਹੋਵੇ,

(3) ਉਹ ਆਦਮੀ ਜਿਸ ਦਾ ਦਿਲ ਮਸਜਿਦਾਂ ਨਾਲ ਅਟਕਿਆ (ਜੁੜਿਆ) ਰਹਿੰਦਾ ਹੋਵੇ,

(4) ਉਹ ਦੋ ਲੋਕ ਜਿਨ੍ਹਾਂ ਨੇ ਅੱਲਾਹ ਲਈ ਆਪਸ ਵਿੱਚ ਮੁਹੱਬਤ ਕੀਤੀ, ਉਸੇ 'ਤੇ ਇਕੱਠੇ ਹੋਏ ਅਤੇ ਉਸੇ 'ਤੇ ਜੁਦਾ ਹੋਏ,

(5) ਉਹ ਆਦਮੀ ਜਿਸ ਨੂੰ ਕਿਸੇ ਅਹੁਦੇ ਅਤੇ ਸੁੰਦਰਤਾ ਵਾਲੀ ਔਰਤ ਨੇ (ਬੁਰੇ ਕੰਮ ਦੀ) ਦਾਵਤ ਦਿੱਤੀ, ਤਾਂ ਉਸ ਨੇ ਕਿਹਾ: ਮੈਂ ਅੱਲਾਹ ਤੋਂ ਡਰਦਾ ਹਾਂ,

(6) ਉਹ ਆਦਮੀ ਜਿਸ ਨੇ ਸਦਕ਼ਾ ਕੀਤਾ ਅਤੇ ਉਸ ਨੂੰ ਇਸ ਕਦਰ ਛੁਪਾਇਆ ਕਿ ਉਸ ਦੇ ਖੱਬੇ ਹੱਥ ਨੂੰ ਵੀ ਖ਼ਬਰ ਨਾ ਹੋਈ ਕਿ ਉਸ ਦੇ ਸੱਜੇ ਹੱਥ ਨੇ ਕੀ ਖ਼ਰਚ ਕੀਤਾ ਹੈ, ਅਤੇ

(7) ਉਹ ਆਦਮੀ ਜਿਸ ਨੇ ਇਕੱਲੇ ਵਿੱਚ ਅੱਲਾਹ ਨੂੰ ਯਾਦ ਕੀਤਾ ਤਾਂ ਉਸ ਦੀਆਂ ਅੱਖਾਂ ਛਲਕ ਆਈਆਂ।"

(ਇਸ ਹਦੀਸ ਨੂੰ ਇਮਾਮ ਬੁਖ਼ਾਰੀ ਅਤੇ ਇਮਾਮ ਮੁਸਲਿਮ ਨੇ ਰਿਵਾਇਤ ਕੀਤਾ ਹੈ)

ਰਹਿਮਾਨ ਦੇ ਸਾਏ ਨੂੰ ਪਾਉਣ ਦੇ ਸਾਧਨਾਂ ਵਿੱਚੋਂ ਆਰਥਿਕ ਤੰਗੀ ਦੇ ਸ਼ਿਕਾਰ ਵਿਅਕਤੀ ਨੂੰ ਮੋਹਲਤ ਦੇਣਾ ਅਤੇ ਖ਼ਰਜ਼ ਦੀ ਅਦਾਇਗੀ ਦੇ ਵਕਤ ਉਸ ਵਿੱਚ ਕਮੀ ਕਰਨਾ ਵੀ ਹੈ, ਇਹ ਜ਼ਬਰਦਸਤ ਅਤੇ ਇਨਸਾਫ਼ ਕਰਨ ਵਾਲੇ ਮਾਲਿਕ ਦੀ ਤਰਫ਼ੋਂ ਗੁਨਾਹਾਂ ਦੀ ਮਾਫ਼ੀ ਦਾ ਸਬਬ ਵੀ ਬਣਦਾ ਹੈ। ਚੁਣਾਂਚੇ

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹੁ ਤਆਲਾ ਅਨਹੁ ਤੋਂ ਰਿਵਾਇਤ ਹੈ ਕਿ ਉਨ੍ਹਾਂ ਨੇ ਫ਼ਰਮਾਇਆ: ਮੈਂ ਰਸੂਲੁੱਲਾਹ ﷺ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ:

«مَنْ أَنْظَرَ مُعْسِرًا أَوْ وَضَعَ عَنْهُ؛ أَظَلَّهُ اللهُ فِي ظِلِّهِ»

"ਜਿਸ ਨੇ ਕਿਸੇ ਤੰਗਦਸਤ ਨੂੰ ਮੋਹਲਤ ਦਿੱਤੀ ਜਾਂ (ਉਸ ਦਾ ਖ਼ਰਜ਼) ਮਾਫ਼ ਕਰ ਦਿੱਤਾ, ਅੱਲਾਹ ਉਸ ਨੂੰ ਆਪਣੇ ਸਾਏ ਵਿੱਚ ਜਗ੍ਹਾ ਦੇਵੇਗਾ।" (ਇਸ ਹਦੀਸ ਨੂੰ ਇਮਾਮ ਮੁਸਲਿਮ ਨੇ ਰਿਵਾਇਤ ਕੀਤਾ ਹੈ)

ਐ ਅੱਲਾਹ ਦੇ ਬੰਦਿਆਂ! ਇਨ੍ਹਾਂ ਸਾਧਨਾਂ ਵਿੱਚੋਂ ਇੱਕ ਸਾਧਨ ਅੱਲਾਹ ਲਈ ਆਪਸ ਵਿੱਚ ਮੁਹੱਬਤ ਕਰਨਾ ਅਤੇ ਉਸ ਦੀ ਰਜ਼ਾ ਲਈ ਇੱਕ-ਦੂਜੇ ਨਾਲ ਜੁੜਨਾ ਵੀ ਹੈ। ਇਸ ਪਵਿੱਤਰ ਰਿਸ਼ਤੇ ਵਿੱਚ ਦੁਨੀਆ ਦਾ ਕੋਈ ਮਕਸਦ ਜਾਂ ਨਿੱਜੀ ਸਵਾਰਥ ਸ਼ਾਮਿਲ ਨਹੀਂ ਹੁੰਦਾ। ਇਹ ਉਹ ਖ਼ੁਸ਼ਨਸੀਬ ਲੋਕ ਹੁੰਦੇ ਹਨ ਜਿਨ੍ਹਾਂ ਨੇ ਦੀਨ ਨੂੰ ਆਪਸ ਵਿੱਚ ਦੋਸਤੀ ਅਤੇ ਦੁਸ਼ਮਣੀ ਦਾ ਪੈਮਾਨਾ ਬਣਾਇਆ ਹੁੰਦਾ ਹੈ ਅਤੇ ਈਮਾਨ ਨੂੰ ਭਾਈਚਾਰੇ ਦਾ ਮਜ਼ਬੂਤ ਬੰਧਨ ਕਰਾਰ ਦਿੱਤਾ ਹੁੰਦਾ ਹੈ। ਇਸੇ ਵਜ੍ਹਾ ਕਰਕੇ ਉਹ ਇੱਕ ਸੱਚੀ, ਸ਼ੁੱਧ ਅਤੇ ਹਮੇਸ਼ਾ ਰਹਿਣ ਵਾਲੀ ਪ੍ਰੇਮ ਭਾਵਨਾ ਨਾਲ ਭਰਪੂਰ ਹੁੰਦੇ ਹਨ, ਅਤੇ ਉੱਚੀ ਜੰਨਤ ਦੀ ਛਾਂ ਤੋਂ ਭਰਪੂਰ ਫ਼ਾਇਦਾ ਹਾਸਿਲ ਕਰਦੇ ਹਨ।

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹੁ ਤਆਲਾ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁੱਲਾਹ ﷺ ਨੇ ਫ਼ਰਮਾਇਆ:

«إِنَّ اللهَ يَقُولُ يَوْمَ الْقِيَامَةِ: أَيْنَ الْمُتَحَابُّونَ بِجَلَالِي؟ الْيَوْمَ أُظِلُّهُمْ فِي ظِلِّي، يَوْمَ لَا ظِلَّ إِلَّا ظِلِّي»

"ਬੇਸ਼ੱਕ ਅੱਲਾਹ ਤਆਲਾ ਕਿਆਮਤ ਦੇ ਦਿਨ ਫ਼ਰਮਾਏਗਾ: ਕਿੱਥੇ ਹਨ ਉਹ ਲੋਕ ਜੋ ਮੇਰੀ ਮਹਿਮਾ ਅਤੇ ਜਲਾਲ ਲਈ ਆਪਸ ਵਿੱਚ ਮੁਹੱਬਤ ਕਰਦੇ ਸਨ? ਅੱਜ ਮੈਂ ਉਨ੍ਹਾਂ ਨੂੰ ਆਪਣੇ ਸਾਏ ਵਿੱਚ ਜਗ੍ਹਾ ਦੇਵਾਂਗਾ, ਅਜਿਹੇ ਦਿਨ ਜਦੋਂ ਕਿ ਮੇਰੇ ਸਾਏ ਤੋਂ ਬਿਨਾਂ ਕੋਈ ਸਾਯਾ ਨਹੀਂ।" (ਇਸ ਹਦੀਸ ਨੂੰ ਇਮਾਮ ਮੁਸਲਿਮ ਨੇ ਰਿਵਾਇਤ ਕੀਤਾ ਹੈ)

ਇਸ ਸਖ਼ਤ ਤਰੀਨ ਦਿਨ ਵਿੱਚ ਗਰਮੀ ਅਤੇ ਸਖ਼ਤ ਸਰਦੀ ਤੋਂ ਬਚਾਉਣ ਵਾਲੀਆਂ ਚੀਜ਼ਾਂ ਵਿੱਚੋਂ ਹਰ ਤਰ੍ਹਾਂ ਦਾ ਸਦਕ਼ਾ ਕਰਨਾ ਵੀ ਹੈ, ਸਦਕ਼ਾ ਕਰਨ ਵਾਲੇ ਨੂੰ ਉਸ ਦੇ ਚੰਗੇ ਅਮਲ ਦੇ ਬਦਲੇ ਦੇ ਤੌਰ 'ਤੇ ਅੱਲਾਹ ਤਆਲਾ ਆਪਣੇ ਸਾਏ ਨਾਲ ਨਵਾਜ਼ ਕੇ ਸਨਮਾਨਿਤ ਕਰੇਗਾ। ਨਬੀ ਕਰੀਮ ﷺ ਨੇ ਫ਼ਰਮਾਇਆ:

«إِنَّ الصَّدَقَةَ لَتُطْفِئُ عَنْ أَهْلِهَا حَرَّ الْقُبُورِ، وَإِنَّمَا يَسْتَظِلُّ الْمُؤْمِنُ يَوْمَ الْقِيَامَةِ فِي ظِلِّ صَدَقَتِهِ»

"ਬੇਸ਼ੱਕ ਸਦਕ਼ਾ, ਸਦਕ਼ਾ ਕਰਨ ਵਾਲੇ ਤੋਂ ਕਬਰ ਦੀ ਗਰਮੀ ਨੂੰ ਬੁਝਾ ਦਿੰਦਾ ਹੈ, ਅਤੇ ਬੇਸ਼ੱਕ ਮੋਮਿਨ ਕ਼ਿਆਮਤ ਦੇ ਦਿਨ ਆਪਣੇ ਸਦਕ਼ੇ ਦੇ ਸਾਏ ਵਿੱਚ ਹੋਵੇਗਾ।" (ਇਸ ਹਦੀਸ ਨੂੰ ਇਮਾਮ ਤਬਰਾਨੀ ਨੇ ਹਜ਼ਰਤ ਉਕ਼ਬਾ ਬਿਨ ਆਮਿਰ ਰਜ਼ੀਅੱਲਾਹੁ ਅਨਹੁ ਦੀ ਰਿਵਾਇਤ ਤੋਂ ਨਕ਼ਲ ਕੀਤਾ ਹੈ ਅਤੇ ਅੱਲਾਮਾ ਅਲਬਾਨੀ ਨੇ ਇਸ ਨੂੰ ਸਹੀ ਕਰਾਰ ਦਿੱਤਾ ਹੈ)

أَقُولُ قَوْلِي هَذَا، وَأَسْتَغْفِرُ اللهَ العَظِيمَ الجَلِيلَ لِي وَلَكُمْ، وَلِسَائِرِ الْمُسْلِمِينَ، مِنْ كُلِّ ذَنْبٍ.

## ਦੂਜਾ ਖ਼ੁਤਬਾ

**الحَمْدُ للهِ وَكَفَى، وَصَلَاةٌ وَسَلَامٌ عَلَى عِبَادِهِ الَّذِينَ اصْطَفَى.اما بعد!**

ਹੇ ਅੱਲਾਹ ਦੇ ਬੰਦਿਆਂ! ਅੱਲਾਹ ਤੋਂ ਡਰੋ, ਇਬਾਦਤਾਂ ਕਰਕੇ ਆਪਣੇ ਸਮੇਂ ਨੂੰ ਬਰਕਤ ਵਾਲਾ ਬਣਾਓ, ਨੇਕੀਆਂ ਕਰਕੇ ਆਪਣੀ ਜ਼ਿੰਦਗੀ ਦੀ ਪੂੰਜੀ ਵਧਾਓ, ਅਤੇ ਆਪਣੇ ਦਿਨਾਂ ਨੂੰ ਚੰਗੇ ਕੰਮਾਂ ਨਾਲ ਆਬਾਦ ਕਰੋ।

ਹੇ ਈਮਾਨ ਵਾਲਿਆਂ! ਸੱਚਾ ਅਤੇ ਪੱਕਾ ਈਮਾਨ ਵਾਲਾ ਉਹੀ ਹੈ ਜੋ ਹਰ ਹਾਲ ਵਿੱਚ ਅੱਲਾਹ ਦੀ ਰਜ਼ਾ (ਖ਼ੁਸ਼ੀ) ਵੱਲ ਦੌੜਦਾ ਹੈ, ਚਾਹੇ ਗਰਮੀ ਦੀ ਵਜ੍ਹਾ ਕਰਕੇ ਉਸ ਨੂੰ ਕਿੰਨੀ ਹੀ ਤਕਲੀਫ਼ ਕਿਉਂ ਨਾ ਉਠਾਉਣੀ ਪਵੇ। ਉਹ ਆਪਣੇ ਮਾਲਿਕ ਨੂੰ ਖ਼ੁਸ਼ ਕਰਨ ਲਈ ਤੁਰੰਤ ਨਮਾਜ਼ ਲਈ ਉੱਠ ਖੜ੍ਹਾ ਹੁੰਦਾ ਹੈ ਅਤੇ ਆਪਣੀਆਂ ਨੇਕੀਆਂ ਨੂੰ ਵਧਾਉਣ ਲਈ ਇਬਾਦਤਾਂ ਵਿੱਚ ਲੱਗ ਜਾਂਦਾ ਹੈ। ਇਹੋ ਉਹ ਸਮਝਦਾਰ

ਇਨਸਾਨ ਹੈ ਜਿਸ ਨੇ ਉੱਚੇ ਦਰਜੇ ਹਾਸਿਲ ਕੀਤੇ ਅਤੇ ਇਹੋ ਉਹ ਅਕ਼ਲਮੰਦ ਹੈ ਜਿਸ ਨੇ ਖ਼ੁਦ ਨੂੰ ਮੈਦਾਨ-ਏ-ਮਹਿਸ਼ਰ ਦੀ ਤੇਜ਼ ਗਰਮੀ ਤੋਂ ਬਚਾ ਲਿਆ।

ਇਸ ਦੇ ਉਲਟ ਜੋ ਵਿਅਕਤੀ ਮੌਸਮ ਦੀ ਗਰਮੀ ਦੀ ਵਜ੍ਹਾ ਕਰਕੇ ਸੁਸਤੀ ਦਾ ਸ਼ਿਕਾਰ ਹੋ ਜਾਂਦਾ ਹੈ, ਨਮਾਜ਼ਾਂ ਲਈ ਨਹੀਂ ਜਾਂਦਾ, ਅਤੇ ਅੱਤ ਦੀ ਗਰਮੀ ਦਾ ਬਹਾਨਾ ਬਣਾ ਕੇ ਜੁਮਾ ਅਤੇ ਬਾ-ਜਮਾਤ ਨਮਾਜ਼ਾਂ ਤੋਂ ਪਿੱਛੇ ਰਹਿ ਜਾਂਦਾ ਹੈ; ਤਾਂ ਇਹੋ ਉਹ ਕਮਜ਼ੋਰ ਅਤੇ ਬਦਕਿਸਮਤ ਇਨਸਾਨ ਹੈ ਜਿਸ ਨੂੰ ਉਸ ਦੇ ਮਨ ਨੇ ਧੋਖੇ ਵਿੱਚ ਪਾ ਦਿੱਤਾ ਅਤੇ ਸ਼ੈਤਾਨ ਨੇ ਉਸ ਨੂੰ ਬਹਿਕਾ ਦਿੱਤਾ। ਇਹ ਵਿਅਕਤੀ ਈਮਾਨ ਵਾਲਿਆਂ ਦੇ ਕਾਫ਼ਲੇ ਤੋਂ ਪਿੱਛੇ ਰਹਿ ਗਿਆ ਅਤੇ ਉਸ ਨੇ ਉਸ ਸਮੇਂ ਦੇ ਮੁਨਾਫ਼ਿਕਾਂ (ਪਾਖੰਡੀਆਂ) ਵਾਲਾ ਤਰੀਕ਼ਾ ਅਪਣਾ ਲਿਆ ਜਦੋਂ ਉਹ ਰੱਬ ਦੀ ਆਗਿਆਕਾਰੀ ਤੋਂ ਪਿੱਛੇ ਹਟ ਗਏ ਸਨ। ਜਿਵੇਂ ਕਿ ਅੱਲਾਹ ਤਆਲਾ ਨੇ ਉਨ੍ਹਾਂ ਦੇ ਹਾਲ ਅਤੇ ਕਥਨ ਨੂੰ ਬਿਆਨ ਕਰਦੇ ਹੋਏ ਕਿਹਾ:

فَرِحَ الْمُخَلَّفُونَ بِمَقْعَدِهِمْ خِلَافَ رَسُولِ اللَّهِ وَكَرِهُوا أَنْ يُجَاهِدُوا بِأَمْوَالِهِمْ وَأَنْفُسِهِمْ فِي سَبِيلِ اللَّهِ وَقَالُوا لَا تَنْفِرُوا فِي الْحَرِّ قُلْ نَارُ جَهَنَّمَ أَشَدُّ حَرًّا لَوْ كَانُوا يَفْقَهُونَ (التوبة: 81)

"ਪਿੱਛੇ ਰਹਿ ਜਾਣ ਵਾਲੇ ਲੋਕ ਰਸੂਲੁੱਲਾਹ (ਦੇ ਖ਼ਿਲਾਫ਼) ਆਪਣੇ ਘਰਾਂ ਵਿੱਚ ਬੈਠੇ ਰਹਿਣ 'ਤੇ ਖ਼ੁਸ਼ ਹੋਏ, ਅਤੇ ਉਨ੍ਹਾਂ ਨੇ ਇਸ ਗੱਲ ਨੂੰ ਨਾਪਸੰਦ ਕੀਤਾ ਕਿ ਉਹ ਅੱਲਾਹ ਦੇ ਰਾਹ ਵਿੱਚ ਆਪਣੇ ਮਾਲਾਂ ਅਤੇ ਆਪਣੀਆਂ ਜਾਨਾਂ ਨਾਲ ਸੰਘਰਸ਼ (ਜਿਹਾਦ) ਕਰਨ, ਅਤੇ ਉਨ੍ਹਾਂ ਨੇ ਕਿਹਾ ਕਿ ਇਸ ਗਰਮੀ ਵਿੱਚ ਨਾ ਨਿਕਲੋ। ਕਹਿ ਦਿਓ: ਜਹੰਨਮ ਦੀ ਅੱਗ ਇਸ ਨਾਲੋਂ ਕਿਤੇ ਵੱਧ ਗਰਮ ਹੈ, ਕਾਸ਼ ਉਹ ਲੋਕ ਸਮਝਦੇ ਹੁੰਦੇ।" (ਸੂਰਹ ਅਤ-ਤੌਬਾ: 81)

ਇਸੇ ਤਰ੍ਹਾਂ ਉਹ ਮਿਹਨਤਕਸ਼ ਅਤੇ ਕਰਮਚਾਰੀ ਲੋਕ ਜੋ ਹਲਾਲ ਰੋਜ਼ੀ ਕਮਾਉਣ ਦੀ ਕੋਸ਼ਿਸ਼ ਕਰਦੇ ਹਨ, ਅਤੇ ਆਪਣੇ ਪਰਿਵਾਰ ਨੂੰ ਇੱਜ਼ਤ ਦੀ ਜ਼ਿੰਦਗੀ ਦੇਣ ਲਈ ਗਰਮੀ ਦੀ ਸਖ਼ਤੀ ਬਰਦਾਸ਼ਤ ਕਰਦੇ ਹਨ; ਅਜਿਹੇ ਲੋਕਾਂ ਲਈ ਬਹੁਤ ਸਵਾਬ ਅਤੇ ਉੱਚੇ ਸਥਾਨ ਦਾ ਵਾਅਦਾ ਕੀਤਾ ਗਿਆ ਹੈ।

ਚੁਣਾਂਚੇ ਹਜ਼ਰਤ ਕਅਬ ਬਿਨ ਉਜਰਾਹ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁੱਲਾਹ ﷺ ਦੇ ਸਹਾਬੀ ਇੱਕ ਵਿਅਕਤੀ ਦੇ ਕੋਲੋਂ ਲੰਘੇ, ਤਾਂ ਉਨ੍ਹਾਂ ਨੇ ਕੰਮ ਵਿੱਚ ਉਸ ਦੀ ਮਿਹਨਤ ਅਤੇ ਰੋਜ਼ੀ

ਕਮਾਉਣ ਦੀ ਚੁਸਤੀ ਦੇਖ ਕੇ ਹੈਰਾਨੀ ਪ੍ਰਗਟ ਕੀਤੀ ਅਤੇ ਕਿਹਾ: ਹੇ ਅੱਲਾਹ ਦੇ ਰਸੂਲ! ਕਾਸ਼ ਇਹ ਮਿਹਨਤ ਅੱਲਾਹ ਦੇ ਰਾਹ ਵਿੱਚ ਹੁੰਦੀ! ਤਾਂ ਆਪ ﷺ ਨੇ ਫ਼ਰਮਾਇਆ:

«إِنْ كَانَ خَرَجَ يَسْعَى عَلَى وَلَدِهِ صِغَارًا، فَهُوَ فِي سَبِيلِ اللهِ، وَإِنْ كَانَ خَرَجَ يَسْعَى عَلَى نَفْسِهِ يُعِفُّهَا، فَهُوَ فِي سَبِيلِ اللهِ»

"ਜੇਕਰ ਉਹ ਆਪਣੇ ਛੋਟੇ ਬੱਚਿਆਂ ਦੀ ਰੋਜ਼ੀ ਕਮਾਉਣ ਲਈ ਨਿਕਲਿਆ ਹੈ, ਤਾਂ ਉਹ ਅੱਲਾਹ ਦੇ ਰਾਹ ਵਿੱਚ ਹੈ, ਅਤੇ ਜੇਕਰ ਉਹ ਆਪਣੇ ਆਪ ਨੂੰ ਮੰਗਣ ਤੋਂ ਬਚਾਉਣ ਅਤੇ ਆਤਮ-ਸਨਮਾਨ ਬਰਕਰਾਰ ਰੱਖਣ ਲਈ ਨਿਕਲਿਆ ਹੈ, ਤਾਂ ਉਹ ਵੀ ਅੱਲਾਹ ਦੇ ਰਾਹ ਵਿੱਚ ਹੈ।" (ਇਸ ਹਦੀਸ ਨੂੰ ਇਮਾਮ ਤਬਰਾਨੀ ਨੇ ਰਿਵਾਇਤ ਕੀਤਾ ਹੈ ਅਤੇ ਅੱਲਾਮਾ ਅਲਬਾਨੀ ਨੇ ਇਸ ਨੂੰ ਸਹੀ ਕਰਾਰ ਦਿੱਤਾ ਹੈ)

ਈਮਾਨ ਵਾਲੇ ਭਰਾਵੋ! ਗਰਮੀ ਦੀ ਇਹ ਸਖ਼ਤੀ ਸਾਡੇ ਲਈ ਇਸ ਗੱਲ 'ਤੇ ਅੱਲਾਹ ਦਾ ਸ਼ੁਕਰ ਅਦਾ ਕਰਨ ਦਾ ਜ਼ਰੀਆ ਬਣਨੀ ਚਾਹੀਦੀ ਹੈ ਕਿ ਉਸ ਨੇ ਸਾਨੂੰ ਮਜ਼ਬੂਤ ਅਤੇ ਪੱਕੇ ਮਕਾਨ ਅਤੇ ਠੰਢਕ ਦੇ ਸਾਧਨ ਪ੍ਰਦਾਨ ਕੀਤੇ ਹਨ। ਅਤ: ਸਾਨੂੰ ਚਾਹੀਦਾ ਹੈ ਕਿ ਆਪਣੇ ਉਪਕਾਰੀ ਅਤੇ ਦੇਣ ਵਾਲੇ ਰੱਬ ਦਾ ਸ਼ੁਕਰ ਅਦਾ ਕਰੀਏ, ਇਨ੍ਹਾਂ ਨੇਮਤਾਂ ਦੀ ਦੇਖਭਾਲ ਕਰੀਏ, ਅਤੇ ਸੰਬੰਧਿਤ ਅਦਾਰਿਆਂ ਨਾਲ ਸਹਿਯੋਗ ਕਰਦੇ ਹੋਏ ਊਰਜਾ ਦੀ ਬਚਤ ਕਰੀਏ, ਸੰਜਮ ਤੋਂ ਕੰਮ ਲਈਏ ਅਤੇ ਫ਼ਿਜ਼ੂਲਖ਼ਰਚੀ ਤੋਂ ਬਚੀਏ।

ਇਸ ਦੇ ਨਾਲ ਹੀ ਸਾਨੂੰ ਉਨ੍ਹਾਂ ਮਜਬੂਰ ਅਤੇ ਬੇਸਹਾਰਾ ਇਨਸਾਨਾਂ ਦੀ ਤਕਲੀਫ਼ ਦਾ ਵੀ ਅਹਿਸਾਸ ਕਰਨਾ ਚਾਹੀਦਾ ਹੈ ਜੋ ਬੁਰੇ ਹਾਲਾਤਾਂ ਕਰਕੇ ਇਨ੍ਹਾਂ ਨੇਮਤਾਂ ਅਤੇ ਛਾਵਾਂ ਤੋਂ ਵਾਂਝੇ ਹਨ। ਇਹ ਅਹਿਸਾਸ ਸਾਨੂੰ ਇਸ ਗੱਲ ਲਈ ਪ੍ਰੇਰਿਤ ਕਰੇ ਕਿ ਅਸੀਂ ਉਨ੍ਹਾਂ ਦੀ ਮਦਦ ਕਰੀਏ, ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰੀਏ, ਅਤੇ ਗਰਮੀ, ਪਿਆਸ ਅਤੇ ਵਾਂਝੇਪਣ ਦਾ ਦੁੱਖ ਹਲਕਾ ਕਰਨ ਲਈ ਜਲਦ ਕਦਮ ਚੁੱਕੀਏ। ਉਦਾਹਰਣ ਲਈ ਪਾਣੀ ਦੇ ਖੂਹ ਪੁੱਟਣਾ, ਛਾਂਦਾਰ ਪਨਾਹਗਾਹਾਂ ਅਤੇ ਟੈਂਟ ਤਿਆਰ ਕਰਨਾ, ਵਾਟਰ ਕੂਲਰ ਅਤੇ ਠੰਢਕ ਦਾ ਸਾਮਾਨ ਉਪਲਬਧ ਕਰਵਾਉਣਾ, ਅਤੇ ਅਜਿਹੇ ਸਾਰੇ ਸਾਧਨ ਮੁਹੱਈਆ

ਕਰਵਾਉਣਾ ਜੋ ਜ਼ਰੂਰਤਮੰਦਾਂ ਨੂੰ ਤੇਜ਼ ਗਰਮੀ ਤੋਂ ਬਚਾਉਣ ਵਿੱਚ ਮਦਦਗਾਰ ਸਾਬਿਤ ਹੋਣ। ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹੁ ਤਆਲਾ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ﷺ ਨੇ ਫ਼ਰਮਾਇਆ:

« بَيْنَمَا رَجُلٌ يَمْشِي، فَاشْتَدَّ عَلَيْهِ الْعَطَشُ، فَنَزَلَ بِئْرًا فَشَرِبَ مِنْهَا، ثُمَّ خَرَجَ، فَإِذَا هُوَ بِكَلْبٍ يَلْهَثُ، يَأْكُلُ الثَّرَى مِنَ الْعَطَشِ، فَقَالَ: لَقَدْ بَلَغَ هَذَا مِثْلُ الَّذِي بَلَغَ بِي، فَمَلأَ خُفَّهُ، ثُمَّ أَمْسَكَهُ بِفِيهِ، ثُمَّ رَقِيَ، فَسَقَى الْكَلْبَ، فَشَكَرَ اللهُ لَهُ، فَغَفَرَ لَهُ» قَالُوا: يَا رَسُولَ اللهِ، وَإِنَّ لَنَا فِي الْبَهَائِمِ أَجْرًا؟! قَالَ: «فِي كُلِّ كَبِدٍ رَطْبَةٍ أَجْرٌ»

"ਇੱਕ ਵਿਅਕਤੀ ਰਸਤੇ ਵਿੱਚ ਚੱਲ ਰਿਹਾ ਸੀ ਕਿ ਉਸ ਨੂੰ ਤੇਜ਼ ਪਿਆਸ ਲੱਗੀ, ਉਹ ਇੱਕ ਖ਼ੂਹ ਵਿੱਚ ਉੱਤਰ ਕੇ ਉਸ ਤੋਂ ਪਾਣੀ ਪੀਤਾ, ਫਿਰ ਜਦੋਂ ਬਾਹਰ ਨਿਕਲਿਆ ਤਾਂ ਇੱਕ ਕੁੱਤੇ ਨੂੰ ਦੇਖਿਆ ਜੋ ਪਿਆਸ ਦੀ ਸਖ਼ਤੀ ਨਾਲ ਹਾਂਫ਼ ਰਿਹਾ ਸੀ ਅਤੇ ਗਿੱਲੀ ਮਿੱਟੀ ਚੱਟ ਰਿਹਾ ਸੀ, ਉਸ ਨੇ ਸੋਚਿਆ ਕਿ ਇਸ ਕੁੱਤੇ ਨੂੰ ਵੀ ਉੱਨੀ ਹੀ ਪਿਆਸ ਲੱਗੀ ਹੈ ਜਿੰਨੀ ਮੈਨੂੰ ਲੱਗੀ ਸੀ, ਚੁਣਾਂਚੇ ਉਸ ਨੇ ਆਪਣਾ ਮੋਜ਼ਾ ਪਾਣੀ ਨਾਲ ਭਰਿਆ, ਫਿਰ ਉਸ ਨੂੰ ਆਪਣੇ ਮੂੰਹ ਵਿੱਚ ਫੜਿਆ, ਉੱਪਰ ਚੜ੍ਹਿਆ ਅਤੇ ਉਸ ਕੁੱਤੇ ਨੂੰ ਪਾਣੀ ਪਿਆਇਆ। ਅੱਲਾਹ ਤਆਲਾ ਨੇ ਉਸ ਦੇ ਇਸ ਅਮਲ ਨੂੰ ਪ੍ਰਵਾਨ ਕੀਤਾ ਅਤੇ ਉਸ ਨੂੰ ਮਾਫ਼ ਕਰ ਦਿੱਤਾ।" ਸਹਾਬਾ ਨੇ ਪੁੱਛਿਆ: ਹੇ ਅੱਲਾਹ ਦੇ ਰਸੂਲ! ਕੀ ਸਾਨੂੰ ਜਾਨਵਰਾਂ ਨਾਲ ਚੰਗਾ ਵਰਤਾਓ ਕਰਨ 'ਤੇ ਵੀ ਪੁੰਨ (ਅਜਰ) ਮਿਲਦਾ ਹੈ? ਆਪ ﷺ ਨੇ ਫ਼ਰਮਾਇਆ: "ਹਰ ਜੀਵਿਤ ਅਤੇ ਸਾਹ ਲੈਣ ਵਾਲੇ ਜਾਨਵਰ ਨਾਲ ਨੇਕੀ ਕਰਨ ਵਿੱਚ ਪੁੰਨ (ਅਜਰ) ਹੈ।" (ਇਸ ਹਦੀਸ ਨੂੰ ਇਮਾਮ ਬੁਖ਼ਾਰੀ ਅਤੇ ਇਮਾਮ ਮੁਸਲਿਮ ਨੇ ਰਿਵਾਇਤ ਕੀਤਾ ਹੈ)

ਐ ਅੱਲਾਹ! ਦਰੂਦ ਅਤੇ ਸਲਾਮ ਨਾਜ਼ਿਲ ਫ਼ਰਮਾ ਸਭ ਤੋਂ ਰੌਸ਼ਨ ਚਿਹਰੇ ਅਤੇ ਚਮਕਦਾਰ ਪੇਸ਼ਾਨੀ ਵਾਲੇ ਨਬੀ 'ਤੇ। ਐ ਅੱਲਾਹ! ਸਾਡੇ ਦਿਲਾਂ ਵਿੱਚ ਈਮਾਨ ਨੂੰ ਪਿਆਰਾ ਬਣਾ ਦੇ ਅਤੇ ਇਸ ਨੂੰ ਸਾਡੇ ਦਿਲਾਂ ਵਿੱਚ ਸੁੰਦਰ ਬਣਾ ਦੇ, ਅਤੇ ਕੁਫ਼ਰ, ਪਾਪ ਅਤੇ ਅਵੱਗਿਆ ਨੂੰ ਸਾਡੇ ਨਜ਼ਦੀਕ ਨਾਪਸੰਦ ਬਣਾ ਦੇ, ਅਤੇ ਸਾਨੂੰ ਸਿੱਧੇ ਰਸਤੇ 'ਤੇ ਚੱਲਣ ਵਾਲਿਆਂ ਵਿੱਚ ਸ਼ਾਮਿਲ ਫ਼ਰਮਾ। ਐ ਅੱਲਾਹ! ਇਸਲਾਮ ਅਤੇ ਮੁਸਲਮਾਨਾਂ ਨੂੰ ਜਿੱਤ ਪ੍ਰਦਾਨ ਕਰ, ਅਤੇ ਸ਼ਿਰਕ ਤੇ ਮੁਸ਼ਰਿਕਾਂ ਨੂੰ ਅਪਮਾਨਿਤ ਕਰ, ਅਤੇ ਆਪਣੇ ਦੀਨ, ਆਪਣੀ ਕਿਤਾਬ, ਆਪਣੇ ਨਬੀ ﷺ ਦੀ ਸੁੰਨਤ ਅਤੇ ਆਪਣੇ ਈਮਾਨ ਵਾਲੇ ਬੰਦਿਆਂ ਦੀ ਮਦਦ ਫ਼ਰਮਾ।

ਐ ਅੱਲਾਹ! ਤਮਾਮ ਮੁਸਲਮਾਨ ਪੁਰਖਾਂ ਅਤੇ ਮੁਸਲਮਾਨ ਔਰਤਾਂ, ਅਤੇ ਈਮਾਨ ਵਾਲੇ ਪੁਰਖਾਂ ਅਤੇ ਈਮਾਨ ਵਾਲੀਆਂ ਔਰਤਾਂ ਨੂੰ ਛਮਾ (ਮਾਫ਼) ਕਰ ਦੇ, ਜੋ ਇਨ੍ਹਾਂ ਵਿੱਚੋਂ ਜੀਵਿਤ ਹਨ ਅਤੇ ਜੋ ਇਸ ਦੁਨੀਆ ਤੋਂ ਜਾ ਚੁੱਕੇ ਹਨ।

ਐ ਅੱਲਾਹ! ਸਾਡੇ ਉਨ੍ਹਾਂ ਭਰਾਵਾਂ ਦੀ ਹਿਫ਼ਾਜ਼ਤ ਫ਼ਰਮਾ ਜੋ ਦੇਸ਼ ਦੀ ਸੁਰੱਖਿਆ 'ਤੇ ਤਾਇਨਾਤ ਹਨ, ਅਤੇ ਸਾਡੇ ਅਮੀਰ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਨੂੰ ਆਪਣੇ ਪਸੰਦੀਦਾ ਰਸਤੇ ਦੀ ਤੌਫ਼ੀਖ਼ ਪ੍ਰਦਾਨ ਕਰ, ਅਤੇ ਉਨ੍ਹਾਂ ਦੇ ਤਮਾਮ ਕੰਮਾਂ ਨੂੰ ਆਪਣੀ ਆਗਿਆਕਾਰੀ ਅਤੇ ਆਪਣੀ ਪ੍ਰਸੰਨਤਾ ਦੇ ਅਨੁਕੂਲ ਬਣਾ ਦੇ, ਅਤੇ ਇਸ ਦੇਸ਼ ਨੂੰ ਅਤੇ ਤਮਾਮ ਮੁਸਲਿਮ ਦੇਸ਼ਾਂ ਨੂੰ ਸ਼ਾਂਤੀ, ਸੰਤੁਸ਼ਟੀ, ਖ਼ੁਸ਼ਹਾਲੀ ਅਤੇ ਸੁਰੱਖਿਆ ਦਾ ਟਿਕਾਣਾ ਬਣਾ ਦੇ।

ਖ਼ੁਤਬਾਤ-ਏ-ਜੁਮਾ ਤਿਆਰ ਕਰਨ ਵਾਲੀ ਕਮੇਟੀ